# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 06-12-2024**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਨਵੀਂ ਦਿੱਲੀ ਵਿੱਚ ਭਾਰਤ ਮੰਡਪਮ ਵਿੱਚ ਅਸ਼ਟ-ਲਕਸ਼ਮੀ ਮਹੋਤਸਵ ਦਾ ਉਦਘਾਟਨ ਕੀਤਾ।
- ਰਿਜ਼ਰਵ ਬੈਂਕ ਨੇ ਨਕਦ ਰਿਜ਼ਰਵ ਅਨੁਪਾਤ ਨੂੰ, 50 ਆਧਾਰ ਅੰਕ ਘਟਾ ਕੇ 4 ਫੀਸਦੀ ਕੀਤਾ। ਰੇਪੋ ਰੇਟ 'ਚ ਕੋਈ ਬਦਲਾਅ ਨਹੀਂ।
- ਸਰਕਾਰ ਨੇ ਕਿਹਾ ਕਿ ਉਹ, ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ, ਉਤਪਾਦਨ ਦੀ ਲਾਗਤ ਤੋਂ ਘੱਟੋ-ਘੱਟ 50 ਫੀਸਦੀ ਵੱਧ ਦੇਣ ਲਈ ਵਚਨਬੱਧ ਏ।
- ਪੰਜਾਬ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਨੂੰ, ਵਿਸ਼ਵ ਪੱਧਰ ਦੇ ਇੱਕ ਪ੍ਰਸਿੱਧ ਸੈਰ ਸਪਾਟੇ ਦੇ ਸਥਾਨ ਵਜੋਂ ਵਿਕਸਤ ਕੀਤਾ ਜਾਵੇਗਾ।

- ਅੰਮ੍ਰਿਤਸਰ ਪੁਲਿਸ ਕਮਿਸ਼ਨਰੇਟ ਨੇ ਸਰਹੱਦ ਪਾਰ ਇੱਕ ਮਾਡਿਊਲ ਦੇ 10 ਕਾਰਕੁਨਾਂ ਨੂੰ ਗ੍ਰਿਫਤਾਰ ਕਰਕੇ, ਉਨ੍ਹਾਂ ਦੇ ਕਬਜ਼ੇ ਵਿਚੋਂ ਇਕ ਹੈਂਡ ਗ੍ਰਨੇਡ, 3 ਪਿਸਤੌਲ ਅਤੇ ਇਕ ਚੀਨੀ ਡਰੋਨ ਕੀਤਾ ਬਰਾਮਦ ।

---------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਨਵੀਂ ਦਿੱਲੀ ਵਿੱਚ ਭਾਰਤ ਮੰਡਪਮ ਵਿੱਚ ਅਸ਼ਟ-ਲਕਸ਼ਮੀ ਮਹੋਤਸਵ ਦਾ ਉਦਘਾਟਨ ਕੀਤਾ । ਤਿੰਨ ਦਿਨ ਚੱਲਣ ਵਾਲਾ ਇਹ ਉਤਸਵ, ਉੱਤਰ-ਪੂਰਬੀ ਭਾਰਤ ਦੀ, ਅਮੀਰ ਸੱਭਿਆਚਾਰਕ ਵਿਰਾਸਤ ਨੂੰ ਪ੍ਰਦਰਸ਼ਿਤ ਕਰੇਗਾ । ਉੱਤਰ ਪੂਰਬ ਦੀਆਂ ਰਵਾਇਤੀ ਕਲਾਵਾਂ, ਸ਼ਿਲਪਕਾਰੀ ਅਤੇ ਸੱਭਿਆਚਾਰਕ ਅਭਿਆਸਾਂ ਨੂੰ ਪ੍ਰਦਰਸ਼ਿਤ ਕੀਤਾ ਜਾਵੇਗਾ। ਇਹ ਸਾਰੇ 8 ਉੱਤਰ ਪੂਰਬੀ ਸੂਬਿਆਂ ਦੇ ਕਪੜਾ ਉਦਯੋਗ, ਦਸਤਕਾਰੀ, ਸੈਰ-ਸਪਾਟਾ ਮੌਕਿਆਂ ਅਤੇ ਵਿਲੱਖਣ ਉਤਪਾਦਾਂ ਨੂੰ ਪ੍ਰਦਰਸ਼ਿਤ ਕਰਨ ਲਈ ਇੱਕ ਬੇਮਿਸਾਲ ਮੰਚ ਵਜੋਂ ਕੰਮ ਕਰੇਗਾ। ਸਭ ਤੋਂ ਵੱਡਾ ਆਕਰਸ਼ਨ ਦਿਹਾਤੀ ਹਾਟ ਮਾਰਕੀਟ ਹੋਵੇਗਾ, ਜਿਸ ਵਿੱਚ ਇਲਾਕੇ ਦੇ 320 ਕਿਸਾਨਾਂ ਅਤੇ ਕਾਰੀਗਰਾਂ ਦੇ ਉਤਪਾਦ ਅਤੇ

ਕਲਾ ਦਾ ਪ੍ਰਦਰਸ਼ਨ ਹੋਵੇਗਾ । ਇਸ ਪ੍ਰੋਗਰਾਮ ਵਿੱਚ ਉੱਤਰ-ਪੂਰਬੀ ਭਾਰਤ ਦੇ ਮਸ਼ਹੂਰ ਮੁਗਾ ਅਤੇ ਏਰੀ ਸਿਲਕ ਨੂੰ ਸਮਰਪਿਤ ਇੱਕ ਮੰਡਪ ਬਣਾਇਆ ਗਿਆ ਏ ,ਜਿਸ ਵਿੱਚ ਦਸਤਕਾਰੀ ਕਾਰੀਗਰ ਆਪਣੇ ਦਸਤਕਾਰੀ ਦਾ ਪ੍ਰਦਰਸ਼ਨ ਕਰਨਗੇ। 250 ਤੋਂ ਵੱਧ ਕਾਰੀਗਰ 34 ਜੀ.ਆਈ.-ਟੈਗਡ ਵਸਤਾਂ ਸਮੇਤ ਵਿਲੱਖਣਦਸਤਕਾਰੀ,ਹੱਥਖੱਡੀ ਅਤੇ ਐਗਰੋ-ਬਾਗਬਾਨੀ ਉਤਪਾਦਾਂ ਦਾ ਪ੍ਰਦਰਸ਼ਨ ਕਰਨਗੇ। ਖੇਤਰ ਦੇ ਨਿਰੰਤਰ ਵਿਕਾਸ ਲਈ ਨਵੇਂ ਨਿਵੇਸ਼ਾਂ ਨੂੰ ਸੱਦਾ ਦਿੱਤਾ ਜਾਵੇਗਾ। ਇਸ ਮਹਾਉਤਸਵ ਵਿੱਚ ਕਾਰੀਗਰਾਂ ਦੀਆਂ ਪ੍ਰਦਰਸ਼ਨੀਆਂ, ਪੇਂਡੂ ਹਾਟ, ਸੂਬਾ ਵਿਸ਼ੇਸ਼ ਪਵੇਲੀਅਨ ਅਤੇ ਉੱਤਰ ਪੂਰਬੀ ਖੇਤਰ ਦੇ ਵਿਕਾਸ ਲਈ ਮਹੱਤਵਪੂਰਨ ਖੇਤਰਾਂ 'ਤੇ ਤਕਨੀਕੀ ਸੈਸ਼ਨ ਆਯੋਜਿਤ ਕੀਤੇ ਜਾਣਗੇ।

---------------------------------------------------------

ਰਿਜ਼ਰਵ ਬੈਂਕ ਦੀ ਮੁਦਰਾ ਨੀਤੀ ਕਮੇਟੀ ਨੇ ਚਾਰ ਦੇ ਮੁਕਾਬਲੇ 2 ਦੇ ਬਹੁਮਤ ਨਾਲ ਰੈਪੋ ਦਰ ਨੂੰ 6.50 ਫੀਸਦੀ 'ਤੇ ਬਰਕਰਾਰ ਰੱਖਣ ਦਾ ਫੈਸਲਾ ਕੀਤਾ ਏ । ਇਸੇ ਤਰ੍ਹਾਂ ਸਥਾਈ ਜਮ੍ਹਾਂ ਸਹੂਲਤ ਦਰ 6.25 ਫੀਸਦੀ ਅਤੇ ਬੈਂਕ ਦਰ 6.75 ਫੀਸਦੀ ਰਹੇਗੀ । ਬੈਂਕ ਨੇ ਫਰਵਰੀ

2023 ਤੋਂ ਇਨ੍ਹਾਂ ਦਰਾਂ 'ਚ ਕੋਈ ਬਦਲਾਅ ਨਹੀਂ ਕੀਤਾ ਏ। ਸੰਭਾਵਿਤ ਨਕਦੀ ਦੀ ਕਮੀ ਨੂੰ ਦੂਰ ਕਰਨ ਲਈ ਰਿਜ਼ਰਵ ਬੈਂਕ ਨੇ ਨਕਦ ਰਿਜ਼ਰਵ ਅਨੁਪਾਤ ਨੂੰ 50 ਆਧਾਰ ਅੰਕ ਘਟਾ ਕੇ 4 ਫੀਸਦੀ ਕਰ ਦਿੱਤਾ ਏ। ਇਸ ਨਾਲ ਇਕ ਲੱਖ 16 ਹਜ਼ਾਰ ਕਰੋੜ ਰੁਪਏ ਦੀ ਵਾਧੂ ਰਾਸ਼ੀ ਮਿਲੇਗੀ। ਰਿਜ਼ਰਵ ਬੈਂਕ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਕਿਹਾ ਕਿ ਰਿਜ਼ਰਵ ਬੈਂਕ, ਵਧਦੀ ਮਹਿੰਗਾਈ ਨੂੰ ਘੱਟ ਕਰਨ ਲਈ ਵਚਨਬੱਧ ਏ। ਰਿਜ਼ਰਵ ਬੈਂਕ ਨੇ ਵਿੱਤੀ ਸਾਲ 2025 ਲਈ ਆਪਣੇ ਮਹਿੰਗਾਈ ਦੇ ਅਨੁਮਾਨ ਨੂੰ 4 ਫੀਸਦੀ ਕਰ ਦਿੱਤਾ ਏ। ਇਹ ਪਿਛਲੇ ਅੰਦਾਜ਼ੇ ਨਾਲੋਂ ਤਿੰਨ ਫੀਸਦੀ ਵੱਧ ਏ।

---------------------------------------------------------------

ਸ਼ੰਭੂ ਬਾਰਡਰ ਤੋਂ ਦਿਲੀ ਜਾਣ ਦੀ ਕੋਈ ਇਜਾਜ਼ਤ ਨਾ ਹੋਣ ਤੇ ਵੀ ਜਦੋਂ ਕਿਸਾਨਾਂ ਦੇ ਇਕ ਜਥੇ ਨੇ ਹਰਿਆਣਾ ਪੁਲਿਸ ਵਲੋਂ ਰੋਕੇ ਜਾਣ ਦੇ ਬਾਵਜੂਦ ਓਥੇ ਲਗੇ ਬਰਿਕੇਟਸ ਨੂੰ ਤੋੜ ਕੇ, ਅਗੇ ਜਾਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨੇ ਹੰਜੂ ਗੈਸ ਦੇ ਗੋਲੇ ਦਾਗੇ। ਇਸ ਦੌਰਾਨ ਪਤਾ ਲੱਗਾ ਏ ਕਿ ਕਿਸਾਨ ਆਗੂਆਂ ਨੇ ਫਿਲਹਾਲ ਜਥੇ ਨੂੰ

ਵਾਪਿਸ ਬੁਲਾ ਲਿਆ ਏ। ਹੁਣ ਉਹ ਆਪਣੀ ਅਗਲੀ ਕਾਰਜ ਯੋਜਨਾ ਤੈਅ ਕਰਨਗੇ। ਆਪਣੀਆਂ ਮੰਗਾ ਮਨਵਾਉਣ ਲਈ, ਕਿਸਾਨਾਂ ਦਾ ਇਹ ਜਥਾ ਅੱਜ ਦੁਪਹਿਰ ਬਾਅਦ ਸ਼ੰਭੂ ਸਰਹੱਦ ਤੋਂ ਦਿੱਲੀ ਵੱਲ ਪੈਦਲ ਮਾਰਚ ਕਰਨ ਲਗਿਆ ਸੀ, ਜਦੋਂ ਹਰਿਆਣਾ ਪੁਲੀਸ ਨੇ ਉੱਥੇ ਹੀ ਰੋਕ ਲਿਆ। ਪੁਲਿਸ ਨੇ ਸ਼ੰਭੂ ਬਾਰਡਰ ਨੂੰ ਸੀਲ ਕੀਤਾ ਹੋਇਆ ਹੈ ਅਤੇ ਸੀ.ਏ.ਪੀ.ਐਫ ਦੇ ਆਪਣੀਆਂ ਕਈ ਕੰਪਨੀਆਂ ਨੂੰ ਤਾਇਨਾਤ ਕੀਤਾ ਹੋਇਆ ਏ। ਹਰਿਆਣਾ ਸਰਕਾਰ ਨੇ ਸੀ.ਆਰ.ਪੀ.ਸੀ ਦੀ ਧਾਰਾ 144 (ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163) ਦੇ ਤਹਿਤ ਅੰਬਾਲਾ ਵਿੱਚ ਕਿਸੇ ਵੀ ਪ੍ਰਦਰਸ਼ਨ 'ਤੇ ਪਾਬੰਦੀ ਲਗਾ ਦਿੱਤੀ ਹੋਈ ਏ। ਇਸ ਦੌਰਾਨ ਪੰਜਾਬ-ਹਰਿਆਣਾ ਸਰਹੱਦ ਨਾਲ ਲੱਗਦੇ, ਅੰਬਾਲਾ ਦੇ 11 ਪਿੰਡਾਂ ਦਾ ਇੰਟਰਨੈੱਟ ਵੀ ਬੰਦ ਕਰ ਦਿੱਤਾ ਗਿਆ ਏ।

----------------------------------------------------

ਘੱਟੋ-ਘੱਟ ਸਮਰਥਨ ਮੁੱਲ ਅਤੇ ਹੋਰ ਮੰਗਾਂ ਨੂੰ ਲੈ ਕੇ, ਕਿਸਾਨਾਂ ਦੇ ਪ੍ਰਦਰਸ਼ਨਾਂ ਦਰਮਿਆਨ ਸਰਕਾਰ ਨੇ ਅੱਜ ਕਿਹਾ ਕਿ ਉਹ, ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਉਤਪਾਦਨ ਦੀ ਲਾਗਤ ਤੋਂ ਘੱਟੋ-ਘੱਟ 50

ਫੀਸਦੀ ਵੱਧ ਦੇਣ ਲਈ ਵਚਨਬੱਧ ਏ। ਰਾਜ ਸਭਾ ਵਿੱਚ ਪੂਰਕ ਸਵਾਲਾਂ ਦੇ ਜਵਾਬ ਦਿੰਦਿਆਂ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਕਿਸਾਨਾਂ ਦੀ ਭਲਾਈ, ਕੇਂਦਰ ਦੀ ਵਚਨਬੱਧਤਾ ਏ। ਕੇਂਦਰ ਸਰਕਾਰ ਨੇ ਕਈ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ ਵਾਧਾ ਕੀਤਾ ਏ।

--------------------------------------------------------

ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ, ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦੀ ਬਰਸੀ 'ਤੇ ਅੱਜ ਮਹਾ-ਪਰਿ-ਨਿਰਵਾਨ ਦਿਵਸ ਮਨਾਇਆ ਜਾ ਰਿਹਾ ਏ। ਰਾਸ਼ਟਰ ਨਿਰਮਾਣ ਵਿੱਚ ਬਾਬਾ ਸਾਹਿਬ ਦੇ ਯੋਗਦਾਨ ਨੂੰ ਉਜਾਗਰ ਕਰਨ ਲਈ, ਦੇਸ਼ ਭਰ ਵਿੱਚ ਕਈ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਨੇ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਅੱਜ ਭੁਵਨੇਸ਼ਵਰ ਵਿੱਚ ਸ਼੍ਰੀ ਅੰਬੇਡਕਰ ਨੂੰ  ਸ਼ਰਧਾ ਦੇ ਫੁੱਲ ਭੇਟ ਕੀਤੇ। ਉਪ ਰਾਸ਼ਟਰਪਤੀ ਜਗਦੀਪ ਧਨਖੜ, ਪ੍ਰਧਾਨ ਮੰਤਰੀ ਨਰੇਂਦਰ  ਮੋਦੀ ਅਤੇ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਨਵੀਂ ਦਿੱਲੀ ਦੇ ਸੰਸਦ ਭਵਨ ਕੰਪਲੈਕਸ ਵਿੱਚ 'ਪ੍ਰੇਰਨਾ ਸਥਲ' ਵਿਖੇ ਬਾਬਾ ਸਾਹਿਬ ਨੂੰ ਸ਼ਰਧਾ ਦੇ ਫੁੱਲ

ਭੇਟ ਕੀਤੇ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਸਾਲ ਦੇ ਸ਼ੁਰੂ ਵਿੱਚ ਮੁੰਬਈ ਵਿੱਚ ਚੈਤਯ ਭੂਮੀ ਦੀ ਆਪਣੀ ਫੇਰੀ ਦੀ ਇੱਕ ਤਸਵੀਰ ਸਾਂਝੀ ਕੀਤੀ, ਜਿਸ ਵਿੱਚ ਬਾਬਾ ਸਾਹਿਬ ਅੰਬੇਡਕਰ ਨੂੰ ਸਮਾਜਿਕ ਨਿਆਂ ਦਾ ਪ੍ਰਤੀਕ ਦੱਸਿਆ।

--------------------------------------------------------------

ਪੰਜਾਬ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਨੂੰ, ਵਿਸ਼ਵ ਪੱਧਰ ਦੇ ਇੱਕ ਪ੍ਰਸਿੱਧ ਸੈਰ ਸਪਾਟੇ ਦੇ  ਸਥਾਨ ਵਜੋਂ ਵਿਕਸਤ ਕੀਤਾ ਜਾਵੇਗਾ । ਕੇਂਦਰੀ ਸੈਰ-ਸਪਾਟਾ ਮੰਤਰਾਲੇ ਨੇ, 23 ਸੂਬਿਆਂ  ਵਿੱਚ 40 ਪ੍ਰੋਜੈਕਟਾਂ ਦੇ ਨਾਲ, ਤਹਿਤ ਸੈਰ-ਸਪਾਟਾ ਕੇਂਦਰਾਂ ਵਜੋਂ ਵਿਕਸਤ ਕਰਨ ਲਈ ਮਨਜ਼ੂਰੀ ਦਿੱਤੀ ਏ । ਖਟਕੜ ਕਲਾਂ ਉਨ੍ਹਾਂ ਪ੍ਰੋਜੈਕਟਾਂ ਵਿੱਚੋਂ ਇੱਕ ਏ  ਜਿਸਨੂੰ ਕਰੋੜਾਂ ਰੁਪਏ ਤੋਂ ਵੱਧ ਦੀ ਲਾਗਤ ਨਾਲ ਵਿਕਸਤ ਕੀਤਾ ਜਾਵੇਗਾ । ਇਸ ਪ੍ਰੋਜੈਕਟ ਨੂੰ 53 ਕਰੋੜ ਰੁਪਏ ਦੀ ਲਾਗਤ ਨਾਲ ਪੂਰਾ ਕੀਤਾ ਜਾਵੇਗਾ ,ਜਿਸ ਲਈ ਦੋ ਸਾਲ ਦਾ ਸਮਾਂ ਦਿੱਤਾ ਗਿਆ ਏ  । ਇੱਕ ਤਾਜਵੀਜ਼ਸ਼ੁਦਾ  ਹੈਰੀਟੇਜ ਸਟ੍ਰੀਟ, ਪਹਿਲਾਂ ਤੋਂ ਮੌਜੂਦ ਅਜਾਇਬ ਘਰ ਨੂੰ, ਸ਼ਹੀਦ ਭਗਤ ਸਿੰਘ ਦੇ  ਜੱਦੀ ਘਰ ਨਾਲ ਜੋੜੇਗੀ ।

ਇਸ ਨਾਲ  ਬਹਾਦਰੀ, ਹਿੰਮਤ ਅਤੇ ਸੱਭਿਆਚਾਰ ਦੇ ਵਿਆਪਕ ਤਜਰਬੇ ਨੂੰ ਪ੍ਰਦਰਸ਼ਿਤ ਕੀਤਾ ਜਾਵੇਗਾ ।  ਇਹ ਪਹਿਲਕਦਮੀ ਭਗਤ ਸਿੰਘ ਦੀ ਬਹਾਦਰੀ ਅਤੇ ਦੇਸ਼ ਦੀ ਆਜ਼ਾਦੀ ਦੀ ਲੜਾਈ, ਦੇਸ਼ ਭਗਤੀ ਦੀ ਪ੍ਰੇਰਣਾ ਅਤੇ ਰਾਸ਼ਟਰੀ ਸਵੈਮਾਣ ਨੂੰ ਪੇਸ਼ ਕਰੇਗੀ । ਇਹ ਵਿਕਾਸ, ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਪੂੰਜੀ ਨਿਵੇਸ਼ ਯੋਜਨਾ  ਲਈ ਵਿਸ਼ੇਸ਼ ਸਹਾਇਤਾ ਦੇ ਹਿੱਸੇ ਵਜੋਂ ਕੀਤਾ ਜਾ ਰਿਹਾ ਏ । ਪ੍ਰੋਜੈਕਟਾਂ ਦੇ ਰੂਪ ਵਿੱਚ ਪੂੰਜੀ ਨਿਵੇਸ਼ ਨੂੰ ਪ੍ਰਫੁੱਲਤ ਕਰਕੇ, ਇਹ ਯੋਜਨਾ  ਅੱਗੇ ਸਥਾਨਕ ਆਰਥਿਕਤਾ ਦੇ ਵਿਕਾਸ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਕਲਪਨਾ ਕਰਦੀ ਏ ।

---------------------------------------------------------------

ਪੰਜਾਬ ਵਿੱਚ, ਅੰਮ੍ਰਿਤਸਰ ਪੁਲਿਸ ਕਮਿਸ਼ਨਰੇਟ ਨੇ ਸਰਹੱਦ ਪਾਰ ਇੱਕ ਮਾਡਿਊਲ ਦੇ 10 ਸਾਥੀਆਂ ਨੂੰ ਗ੍ਰਿਫਤਾਰ ਕਰਕੇ ਇੱਕ ਵੱਡੀ ਸਫਲਤਾ ਹਾਸਿਲ ਕੀਤੀ ਏ । ਇਸ ਮੋਡਿਊਲ ਨੂੰ ਪਾਕਿਸਤਾਨ ਸਥਿਤ ਹਰਵਿੰਦਰ ਰਿੰਦਾ ਅਤੇ ਕਿਸੇ ਹੋਰ ਦੇਸ਼ ਵਿੱਚ ਸਥਿਤ ਦੋ ਹੋਰ ਕਾਰਕੁਨਾਂ ਵਲੋਂ ਚਲਾਇਆ ਜਾ ਰਿਹਾ ਏ । ਇਨ੍ਹਾਂ ਦੇ ਕਬਜ਼ੇ 'ਚੋਂ ਇਕ ਹੈਂਡ ਗ੍ਰਨੇਡ, 3

ਪਿਸਤੌਲ ਅਤੇ ਇਕ ਚੀਨੀ ਡਰੋਨ ਬਰਾਮਦ ਹੋਇਆ ਏ । ਆਪਣੇ ਸੋਸ਼ਲ ਮੀਡੀਆ ਅਕਾਉਂਟ 'ਤੇ ਜਾਣਕਾਰੀ ਸਾਂਝੀ ਕਰਦਿਆਂ, ਪੰਜਾਬ ਪੁਲਿਸ ਮੁਖੀ ਗੌਰਵ ਯਾਦਵ ਨੇ ਦੱਸਿਆ ਕਿ ਇਹ ਮੋਡਿਊਲ ਹਾਲ ਹੀ ਵਿੱਚ, ਬਟਾਲਾ ਵਿੱਚ ਇੱਕ ਪੁਲਿਸ ਅਧਿਕਾਰੀ ਦੀ ਰਿਹਾਇਸ਼ 'ਤੇ ਹੋਏ ਹਮਲੇ ਲਈ ਜ਼ਿੰਮੇਵਾਰ ਸੀ, ਅਤੇ ਉਸ ਖੇਤਰ ਵਿੱਚ, ਇੱਕ ਪੁਲਿਸ ਅਦਾਰੇ 'ਤੇ ਵੱਡੇ ਹਮਲੇ ਦੀ ਸਾਜ਼ਿਸ਼ ਰਚ ਰਿਹਾ ਸੀ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿੱਚ, 4 ਮੁੱਖ ਸੰਚਾਲਕ ਅਤੇ 6 , ਮਾਡਿਊਲ ਨੂੰ ਲੌਜਿਸਟਿਕ ਸਹਾਇਤਾ ਪ੍ਰਦਾਨ ਕਰਨ ਵਿੱਚ ਸ਼ਾਮਲ ਨੇ ।

---------------------------------------------------------

ਫਾਜ਼ਿਲਕਾ ਜ਼ਿਲੇ ਵਿੱਚ ਸੂਬਾ ਵਿਸ਼ੇਸ਼ ਸੈਲ ਨੇ ਚਾਰ ਵਿਅਕਤੀਆਂ ਨੂੰ, 4 ਕਿੰਵਟਲ 25 ਕਿਲੋ ਡੋਡਾ ਚੂਰਾਪੋਸਤ ਸਮੇਤ ਗ੍ਰਿਫਤਾਰ ਕੀਤਾ ਏ । ਸਾਡੇ ਪ੍ਰਤਕਾਰ ਨੇ ਦਸਿਆ ਕਿ ਸੂਬਾ ਵਿਸ਼ੇਸ਼ ਸੈਲ ਨੇ ਕਾਊਂਟਰ ਇੰਟੈਲੀਜੈਂਸ ਦੇ ਨਾਲ ਮਿਲਕੇ, ਖੁਫੀਆ ਸੂਚਨਾ ਦੇ ਅਧਾਰ ਤੇ ਸਾਂਝੇ ਆਪਰੇਸ਼ਨ ਦੌਰਾਨ, ਦੋਸ਼ੀਆਂ ਨੂੰ ਉਸ ਵੇਲੇ ਕਾਬੂ ਕੀਤਾ ਜਦੋ ਉਹ, ਇਸ ਨਸ਼ੀਲੇ ਪਦਾਰਥ ਨੂੰ, ਮੱਕੀ ਦੀ ਆੜ੍ਹ ਵਿੱਚ ਟਰੱਕ ਰਾਹੀਂ ਲਿਜਾ ਰਹੇ

ਸਨ । ਪੁਲਿਸ ਵਲੋਂ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਅਗਲੀ ਕਾਰਵਾਈ ਜਾਰੀ ਏ ।

ਫੜੇ ਗਏ ਦੋਸ਼ੀਆਂ ਦੀ ਪਛਾਣ ਰਾਜਸਥਾਨ ਦੇ ਰਾਮਲਾਲ ਤੇ ਸੁਰੇਸ਼ ਤੇ ਫਾਜ਼ਿਲਕਾ ਦੇ ਚੱਕ ਮੋਚਨ ਵਾਲਾ ਦੇ ਰਹਿਣ ਵਾਲੇ ਕ੍ਰਿਸ਼ਨ ਸਿੰਘ ਅਤੇ ਪਰਮਜੀਤ ਸਿੰਘ ਉਰਫ਼ ਪੰਮਾ ਵਜੋਂ ਹੋਈ ਏ । ਮੁੱਖ ਆਰੋਪੀ ਕ੍ਰਿਸ਼ਨ ਸਿੰਘ ਦੱਸਿਆ ਜਾ ਰਿਹਾ ਏ , ਜਿਸ ਦੀ ਜੇਲ੍ਹ ਵਿੱਚ ਕਿਸੇ ਤਸਕਰ ਨਾਲ ਮੁਲਾਕਾਤ ਹੋਈ ਸੀ। ਇਸ ਤੋਂ ਬਾਅਦ ਉਹ ਨਸ਼ੇ ਦੀ ਖੇਪ ਲਿਆਉਂਦਾ ਸੀ । ਉਨ੍ਹਾਂ ਨੂੰ ਕਲ ਅਦਾਲਤ ਵਿਚ ਪੇਸ਼ ਕਰਕੇ ਪੁਲਿਸ ਰਿਮਾਂਡ ਲਿਆ ਜਾਵੇਗਾ ਅਤੇ ਪੁੱਛਗਿੱਛ ਕੀਤੀ ਜਾਵੇਗੀ।

---------------------------------------------------------------

ਪੰਜਾਬ ਹੋਮਗਾਰ੍ਡ ਅਤੇ ਸਿਵਿਲ ਡਿਫੈਂਸ ਵਿਭਾਗ ਵੱਲੋਂ ਅੱਜ ਆਪਣਾ 62ਵਾਂ ਸਥਾਪਨਾ ਦਿਵਸ ਮਨਾਇਆ ਗਿਆ । ਇਸ ਮੌਕੇ ਅੰਮ੍ਰਿਤਸਰ, ਸਥਿਤ ਜਿਲ੍ਹਾ ਹੈਡਕੁਆਟਰ ਪੰਜਾਬ ਹੋਮ ਗਾਰਡਜ ਵਿਖੇ ਵਧੀਆ ਸਮਾਗਮ ਦਾ ਆਯੋਜਿਨ ਕੀਤਾ ਗਿਆ, ਜਿਸ ਦੀ ਸੁਰੁੂਆਤ ਰਾਸਟਰ ਗੀਤ ਨਾਲ ਕੀਤੀ ਗਈ। ਜਿਸ ਵਿਚ ਬਟਾਂਲੀਅਨ ਕਮਾਂਡਰ ਜਸਕਰਨ ਸਿੰਘ

ਅਤੇ ਅੰਮ੍ਰਿਤਸਰ ਜਿਲ੍ਹਾ ਕਮਾਂਡਰ ਪੰਜਾਬ ਹੋਮ ਗਾਰਡਜ ਮਨਪ੍ਰੀਤ ਸਿਓਘ ਰੰਧਾਵਾ, ਮੁੱਖ ਮਹਿਮਾਨ ਵਜੋ ਸਾਮਿਲ ਹੋਏ। ਜਵਾਨਾਂ ਵੱਲੋ ਉਨ੍ਹਾਂ ਨੂੰ ਗਾਰਡ ਆਫ ਆਨਰ ਦਿੱਤਾ ਗਿਆ, ਰਾਸਟਰਪਤੀ, ਪ੍ਰਧਾਨ ਮੰਤਰੀ, ਕੇਂਦਰੀ ਗ੍ਰਿਹਿ ਮੰਤਰੀ ਅਮਿਤ ਸ਼ਾਹ, ਕੇਦਰੀ ਗ੍ਰਿਹਿ ਸਕੱਤਰ ਅਤੇ ਡਾਇਰੈਕਟਰ ਜਨਰਲ ਫਾਇਰ ਸਰਵਿਸ ਸਿਵਲ ਡਿਫੈਂਸ ਅਤੇ ਹੋਮ ਗਾਰਡਜ ਵਲੋਂ ਵਿਭਾਗ ਪ੍ਰਤੀ ਭੇਜੇ ਗਏਏ ਸੰਦੇਸ਼, ਸਮੂਹ ਮੌਜੂਦ ਅਧਿਕਾਰੀਆ ਮੁਲਾਜ਼ਮ ਅਤੇ ਜਵਾਨਾਂ ਨੂੰ ਪੜ ਕੇ ਸੁਣਾਇਏ ਗਏ । ਇਸ ਤੋ ਇਵਾਲਾ ਵਿਭਾਗ ਦੇ ਮੁੱਖੀ ,ਸਪੈਸਲ ਡਾਇਰੈਕਟਰ ਜਨਰਲ ਆਫ ਪੁਲਿਸ ਤੇ ਕਮਾਂਡੈਂਟ ਜਨਰਲ ਪੰਜਾਬ ਹੋਮ ਗਾਰਡਜ ਅਤੇ ਪੰਜਾਬ ਸਿਵਲ ਡੀਫੈਸ ਸੰਜੀਵ ਕਾਲੜਾ ਵੱਲੋਂ ਭੇਜੇ ਗਏ ਸੰਦੇਸ ਵੀ ਪੜ ਕੇ ਸੁਣਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨਾਂ ਵਲੋਂ ਚੰਗੀਆਂ ਸੇਵਾਂਵਾ ਦੇਣ ਵਾਲੇ ਅਫਸਰ ਕਰਮਚਾਰੀਆਂ ਅਤੇ ਜਵਾਨਾਂ ਨੂੰ ਪ੍ਰਸੰਸਾ ਪੱਤਰ ਅਤੇ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋ ਇਲਾਵਾ ਮਹਿਕਮੇ ਦੇ ਮ੍ਰਿਤਕ ਜਵਾਨਾਂ ਦੇ ਪਰਿਵਾਰਾ ਨੂੰ ਮਾਲੀ ਸਹਾਇਤਾ ਵਜੋ ਚੈਕ ਵੀ ਅਦਾ ਕੀਤੇ ਗਏ । ਅਤੇ ਇਸ ਮੌਕੇ ਸਮਾਂਰੋਹ ਵਿਚ ਆਏ ਸੇਵਾ

ਮੁੱਕਤ ਅਫਸਰਾਂ/ ਜਵਾਨਾ ਨੂੰ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਬੂ੍ਟਿਆ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋ ਬਟਾਂਲਾ ਸਿਵਲ ਡੀਫੈਸ ਤੋ ਹਰਬਖਸ ਸਿੰਘ ਪਹੁੰਚੇ। ਸਿਵਲ ਡੀਫੈਸ ਅੰਮ੍ਰਿਤਸਰ ਦੇ ਚੀਫ ਵਾਰਡਨ ਸੁਰਜੀਤ ਸਰਮਾਂ, ਰਾਜੇਸ ਭਨੋਟ, ਕੁਲਵੰਤ ਸਿੰਘ, ਸੁਰਜੀਤ ਸੈਣੀ ਅਤੇ ਇਸ ਸਮਾਰੋਂਹ ਵਿੱਚ ਸ੍ਰੀ ਹਰਮਿੰਦਰ ਸਿੰਘ ਅਤੇ ਹੋਰ ਅਧਿਕਾਰੀ ਵੱਡੀ ਗਿਣਤੀ ਵਿੱਚ ਮੌਜੂਦ ਰਹੇ।-----------------------------------------------------

ਜਲੰਧਰ ਜਿਲ੍ਹੇ ਵਿੱਚ ਅਨਾਥ ਅਤੇ ਬੇਸਹਾਰਾ ਬੱਚਿਆ ਲਈ, ਚੱਲ ਰਹੇ ਬਾਲ ਘਰਾਂ ਦੀ ਰਜਿਸਟਰੇਸ਼ਨ ਜੁਵੇਨਾਇਲ ਜਸਟਿਸ ਐਕਟ 2015 - ਸੋਧ 2021 ਅਧੀਨ ਕਰਵਾਉਣੀ ਲਾਜ਼ਮੀ ਏ। ਜਿਲ੍ਹਾ ਬਾਲ ਸੁਰੱਖਿਆ ਅਫਸਰ ਅਜੈ ਭਾਰਤੀ ਨੇ ਦਸਿਆ ਕਿ ਜਲੰਧਰ ਵਿੱਚ ਕੋਈ ਵੀ ਬਾਲ ਘਰ ਜੋ 18 ਸਾਲ ਤਕ ਦੇ ਅਨਾਥ, ਬੇਸਹਾਰਾ ਜਾਂ ਦਿਵਿਆਂਗ ਬੱਚਿਆ ਲਈ ਕੰਮ ਕਰ ਰਹੇ ਨੇ ਜੋ ਕਿ ਜੁਵੇਨਾਇਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ ਆਫ ਚਿਲਡਰਨ) ਐਕਟ 2015 ਅਧੀਨ ਰਜਿਸਟਰ ਨਹੀ ਹਨ , ਉਨ੍ਹਾਂ ਬਾਲ ਘਰਾ ਦੇ ਮੁੱਖੀ 'ਤੇ ਵਿਭਾਗ

ਵੱਲੋਂ ਐਕਟ ਅਨੁਸਾਰ ਕਾਰਵਾਈ ਕੀਤੀ ਜਾਵੇਗੀ । ਜਿਸ ਵਿੱਚ ਇਕ ਸਾਲ ਦੀ ਸਜਾ ਜਾ ਇਕ ਲੱਖ ਰੁਪਏ ਜੁਰਮਾਨਾ ਜਾ ਦੋਨੇ ਹੀ ਹੋ ਸਕਦੇ ਨੇ । ਉਨ੍ਹਾਂ ਇਹ ਵੀ ਦਸਿਆ ਕਿ ਕੋਈ ਵੀ ਗੈਰ ਸਰਕਾਰੀ ਸੰਸਥਾ ਜਿਸ ਵਿੱਚ 18 ਸਾਲ ਤਕ ਦੇ ਅਨਾਥ, ਬੇਸਹਾਰਾ ਜਾ ਦਿਵਿਆਂਗ ਬੱਚਿਆ ਦੇ ਰਹਿਣ, ਖਾਣ ਪੀਣ ਅਤੇ ਦੇਖਭਾਲ ਦੀ ਸੁਵਿਧਾ ਮੁੱਹਈਆ ਕਰਵਾਈ ਜਾਂਦੀ ਏ , ਉਨ੍ਹਾਂ ਨੂੰ ਇਸ ਐਕਟ ਤਹਿਤ ਰਜਿਸਟਰਡ ਹੋਣਾ ਲਾਜਮੀ ਏ । ਜੇਕਰ ਕੋਈ ਗੈਰ ਸਰਕਾਰੀ ਸੰਸਥਾ ਬੱਚਿਆ ਦੀ ਦੇਖਭਾਲ ਕਰ ਰਹੀ ਏ ਅਤੇ ਹੁਣ ਤੱਕ ਉਹ ਰਜਿਸਟਰਡ ਨਹੀ ਏ ਤਾਂ ਸੰਸਥਾ ਆਪਣੇ ਦਸਤਾਵੇਜ ਲੈ ਕੇ ਮਿਤੀ 17 ਦਿਸੰਬਰ ਤਕ ਜਿਲ੍ਹਾ ਪ੍ਰੋਗਰਾਮ ਅਫਸਰ ਵਿੱਖੇ ਜਮਾ ਕਰਵਾਉਣ।

----------------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਨਵੀਂ ਦਿੱਲੀ ਵਿੱਚ ਭਾਰਤ ਮੰਡਪਮ ਵਿੱਚ ਅਸ਼ਟ-ਲਕਸ਼ਮੀ ਮਹੋਤਸਵ ਦਾ ਉਦਘਾਟਨ ਕੀਤਾ।
- ਰਿਜ਼ਰਵ ਬੈਂਕ ਨੇ ਨਕਦ ਰਿਜ਼ਰਵ ਅਨੁਪਾਤ ਨੂੰ, 50 ਆਧਾਰ ਅੰਕ ਘਟਾ ਕੇ 4 ਫੀਸਦੀ ਕੀਤਾ । ਰੇਪੋ ਰੇਟ 'ਚ ਕੋਈ ਬਦਲਾਅ ਨਹੀਂ।

- ਸਰਕਾਰ ਨੇ ਕਿਹਾ ਕਿ ਉਹ, ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ, ਉਤਪਾਦਨ ਦੀ ਲਾਗਤ ਤੋਂ ਘੱਟੋ-ਘੱਟ 50 ਫੀਸਦੀ ਵੱਧ ਦੇਣ ਲਈ ਵਚਨਬੱਧ ਏ ।
- ਪੰਜਾਬ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਨੂੰ, ਵਿਸ਼ਵ ਪੱਧਰ ਦੇ ਇੱਕ ਪ੍ਰਸਿੱਧ ਸੈਰ ਸਪਾਟੇ ਦੇ ਸਥਾਨ ਵਜੋਂ ਵਿਕਸਤ ਕੀਤਾ ਜਾਵੇਗਾ ।
- ਅੰਮ੍ਰਿਤਸਰ ਪੁਲਿਸ ਕਮਿਸ਼ਨਰੇਟ ਨੇ ਸਰਹੱਦ ਪਾਰ ਇੱਕ ਮਾਡਿਊਲ ਦੇ 10 ਕਾਰਕੁਨਾਂ ਨੂੰ ਗ੍ਰਿਫਤਾਰ ਕਰਕੇ, ਉਨ੍ਹਾਂ ਦੇ ਕਬਜ਼ੇ ਵਿਚੋਂ ਇਕ ਹੈਂਡ ਗ੍ਰਨੇਡ, 3 ਪਿਸਤੌਲ ਅਤੇ ਇਕ ਚੀਨੀ ਡਰੋਨ ਕੀਤਾ ਬਰਾਮਦ ।